# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
## ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

---

ਵੱਲ

ਸਬੰਧਤ ਸਕੂਲ ਮੁੱਖੀ,
ਸਪਸ/ਸਮਿਸ/ਸਹਸ/ਸਸਸਸ
ਜਿਲਾ ਬਠਿੰਡਾ।

ਪੱਤਰ ਨੰ:- ਸਸਅ/ਜਨਰਲ/2020-21 /877
ਮਿਤੀ ਬਠਿੰਡਾ: 01.12.2020

ਵਿਸ਼ਾ- **ਵਰਦੀਆਂ ਦੀ ਖਰੀਦ ਸਬੰਧੀ ਹੋ ਰਹੀ ਦੇਰੀ ਵਿੱਚ ਕਾਰਣ ਸਪਸ਼ਟ ਕਰਨ ਸਬੰਧੀ ।**

ਹਵਾਲਾ **ਇਸ ਦਫਤਰ ਦੇ ਪੱਤਰ ਨੰਬਰ ਸਸਅ/ਵਰਦੀਆਂ/2020-21/866 ਮਿਤੀ 16.11.2020 ਸਬੰਧੀ।**

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਆਪ ਨੂੰ ਵਰਦੀਆਂ ਦੀ ਖਰੀਦ ਵਿੱਚ ਹੋ ਰਹੀ ਦੇਰੀ ਸਬੰਧੀ ਸਪੱਸ਼ਟੀਕਰਣ ਦੇਣ ਲਈ ਲਿਖਿਆ ਗਿਆ ਸੀ। ਅੱਜ ਦੀ ਈ ਪੰਜਾਬ ਪੋਰਟਲ ਦੀ ਰਿਪੋਰਟ ਅਨੁਸਾਰ ਨਾਲ ਨੱਥੀ ਲਿਸਟ ਅਨੁਸਾਰ ਸਕੂਲਾਂ ਨੇ ਵਰਦੀਆਂ ਦੀ ਖਰੀਦ ਕਰਕੇ ਇਸ ਨੂੰ ਈ ਪੰਜਾਬ ਪੋਰਟਲ ਤੇ ਅਪਡੇਟ ਨਹੀਂ ਕੀਤਾ ਹੈ। ਇਸ ਤੋਂ ਜਾਪਦਾ ਹੈ ਕਿ ਇਹਨਾਂ ਸਕੂਲਾਂ ਦੁਆਰਾ ਅਜੇ ਤੱਕ ਵਰਦੀਆਂ ਦੀ ਖਰੀਦ ਨਹੀਂ ਕੀਤੀ ਗਈ ਹੈ। ਮੁਖ ਦਫਤਰ ਦੀਆਂ ਹਦਾਇਤਾਂ ਅਨੁਸਾਰ ਵਰਦੀਆਂ ਦੀ ਵੰਡ ਮਿਤੀ 26.10.2020 ਤੱਕ ਕਰਨ ਦੀ ਹਦਾਇਤ ਪ੍ਰਾਪਤ ਹੋਈ ਸੀ। ਆਪ ਵੱਲੋਂ ਵਰਦੀਆਂ ਦੀ ਖਰੀਦ ਵਿੱਚ ਹੋ ਰਹੀ ਦੇਰੀ ਸਬੰਧੀ ਆਪਣਾ ਸਪਸ਼ਟੀਕਰਨ ਮਿਤੀ 03.12.2020 ਤੱਕ ਨਿਮਨਹਸਤਾਖਰੀ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ । ਸਪਸ਼ਟੀਕਰਨ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਆਪ ਇਸ ਸਬੰਧੀ ਕੁਝ ਨਹੀਂ ਕਹਿਣ ਚਾਹੁਦੇ ਅਤੇ ਅਗਲੇਰੀ ਕਾਰਵਾਈ ਲਈ ਰਿਪੋਰਟ ਮੁੱਖ ਦਫਤਰ ਨੂੰ ਭੇਜ ਦਿੱਤੀ ਜਾਵੇਗੀ।

ਨੱਥੀ/ਸਕੂਲਾਂ ਦੀ ਲਿਸਟ

ਜਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ-
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ ,
**ਸਮੱਗਰਾ** ਸਿੱਖਿਆ ਅਭਿਆਨ ,
ਬਠਿੰਡਾ ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ

1 ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਨੂੰ ਵੈਬਸਾਈਟ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਨੂੰ ਵਰਦੀਆਂ ਦੀ ਖਰੀਦ ਕਰਨ ਸਬੰਧੀ ਹਦਾਇਤ ਕੀਦੀ ਜਾਵੇ।

2 ਸਮੂਹ ਬੀ.ਪੀ.ਈ.ਓ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਸਕੂਲ ਮੁੱਖੀਆਂ ਤੱਕ ਉਕਤ ਪੱਤਰ ਦੀ ਪਹੁੰਚ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਪ੍ਰਾਇਮਰੀ ਸਕੂਲ ਮੁਖੀਆਂ ਨੂੰ ਵਰਦੀਆਂ ਦੀ ਗ੍ਰਾਂਟ ਖਰਚਣ ਸਬੰਧੀ ਹਦਾਇਤ ਕੀਤੀ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ-
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ ,
**ਸਮੱਗਰਾ** ਸਿੱਖਿਆ ਅਭਿਆਨ ,
ਬਠਿੰਡਾ ।